7

# ਮਸੀਹ ਦੀ ਜ਼ਿੰਦਗੀ ਦੇ ਸੁਰ ਜਾਂ ਲੈਅ ਦਾ ਅਧਿਐਨ ਕਰਨਾ

ਅਸੀਂ ਇੰਜੀਲ ਦੇ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੇ ਵਿਰਤਾਂਤਾਂ ਦਾ ਅਧਿਐਨ ਸ਼ੁਰੂ ਕਰਦੇ ਹਾਂ। ਜਿਵੇਂ ਕਿ ਤੁਸੀਂ ਵੇਖੋਗੇ ਕਿ ਇਸ ਕਿਤਾਬ ਵਿਚ ਅਧਿਐਨ ਕੀਤੇ ਜਾਣ ਵਾਲੇ ਦਾ ਭਾਗ ਪਹਿਲਾਂ ਦਿੱਤਾ ਗਿਆ ਹੈ। ਬਾਕੀ ਕਿਤਾਬ ਵਿਚ ਉਸ ਪਾਠ ਨਾਲ ਜੁੜੀ ਬਾਈਬਲ ਦੀ ਇਕ ਹੋਰ ਪੇਸ਼ਕਸ਼ ਦੇ ਨਾਲ ਬਦਲ ਦੇ ਤੌਰ ਤੇ ਪੜ੍ਹਨ ਲਈ ਦਿੱਤੇ ਗਏ ਕੰਮ ਦੇ ਅਧਾਰ ਤੇ ਇਕ ਪਾਠ ਹੈ। ਲੈਅ ਜਾਂ ਸੁਰ ਦੇ ਹਰ ਭਾਗ ਨੂੰ ਸਬਕ ਦੇ ਰੂਪ ਵਿਚ ਸਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਸਾਡੇ ਦੋ ਮਕਸਦ ਹਨਃ (1) ਹਰ ਪਾਠ ਨੂੰ ਹਰ ਪੱਖੋਂ ਦਿਲਚਸਪ ਬਣਾਉਣ ਦੀ ਕੋਸ਼ਿਸ਼ ਕਰਨਾ ਅਤੇ (2) ਇਹ ਸਮਝਾਉਣਾ ਕਿ ਬਾਈਬਲ ਦੀਆਂ ਵੱਡੀਆਂ ਕਿਤਾਬਾਂ ਦੀ ਛੇਤੀ ਨਾਲ ਸਮੀਖਿਆ ਕਿਵੇਂ ਕੀਤੀ ਜਾ ਸਕਦੀ ਹੈ। ਮਸੀਹ ਦੀ ਜ਼ਿੰਦਗੀ ਦੀ ਪੂਰੀ ਲੜੀ ਵਿਚ ਇਹੀ ਢੰਗ ਅਪਣਾਇਆ ਗਿਆ ਹੈ।

ਇਹ ਤੁਹਾਡੇ ਲਈ ਰੁਮਾਂਚਿਤ ਕਰਨ ਵਾਲਾ ਅਧਿਐਨ ਹੈ। ਮਸੀਹ ਦੀ ਜ਼ਿੰਦਗੀ ਤੇ ਵਿਚਾਰ ਲਈ ਅਸੀਂ ਚੋਖਾ ਸਮਾਂ ਵੇਖਾਂਗੇ। ਉਸ ਨੇ ਸਾਨੂੰ ‘‘ਇਕ ਨਮੂਨਾ’’ ਦਿੱਤਾ ਹੈ ਤਾਂ ਜੋ ਅਸੀਂ ‘‘ਉਸ ਦੇ ਨਕਸ਼ੇ’’ ਤੇ ਚੱਲੀਏ (1 ਪਤਰਸ 2:21), ਅਤੇ ਅਸੀਂ ਆਪਣੇ ਪ੍ਰਭੂ ਦੀ ਪੈੜ ਨੂੰ ਹੀ ਲੱਭੀਏ।

# ਇਕਸੁਰਤਾ

I. ਆਪਣੀ ਸੇਵਕਾਈ ਤੋਂ ਪਹਿਲਾਂ ਮਸੀਹ ਦੀ ਜ਼ਿੰਦਗੀ ਦਾ ਕਾਲ।
- ੳ. ਲੂਕਾ ਦੀ ਭੂਮਿਕਾ ਅਤੇ ਸਮਰਪਣ (ਲੂਕਾ 1:1–4)।
- ਅ. ਯੂਹੰਨਾ ਵਿਚ ਜਾਣ ਪਛਾਣ (ਯੂਹੰਨਾ 1:1–18)।
- ੲ. ਮੱਤੀ ਵਿਚ ਯਿਸੂ ਦੀ ਕੁਲਪੱਤਰੀ (ਮੱਤੀ 1:1–17)।
- ਸ. ਲੂਕਾ ਵਿਚ ਯਿਸੂ ਦੀ ਕੁਲਪੱਤਰੀ (ਲੂਕਾ 3:23–38)।
- ਹ. ਫ਼ਰਿਸ਼ਤੇ ਵੱਲੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਜਨਮ ਬਾਰੇ ਜ਼ਕਰਯਾਹ ਕੋਲ ਐਲਾਨ (ਲੂਕਾ 1:5–25)।
- ਕ. ਫ਼ਰਿਸ਼ਤੇ ਵੱਲੋਂ ਮਰੀਅਮ ਕੋਲ ਯਿਸੂ ਦੇ ਜਨਮ ਦਾ ਐਲਾਨ (ਲੂਕਾ 1:26–38)।
- ਖ. ਮਰੀਅਮ (ਯਿਸੂ ਦੀ ਹੋਣ ਵਾਲੀ ਮਾਂ) ਦਾ ਇਲੀਸਬਤ (ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਹੋਣ ਵਾਲੀ ਮਾਂ) ਦੇ ਕੋਲ ਜਾਣਾ (ਲੂਕਾ 1:39–56)।
- ਗ. ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜਨਮ ਅਤੇ ਆਰੰਭਿਕ ਜੀਵਨ (ਲੂਕਾ 1:57–80)।
- ਘ. ਯਿਸੂ ਦੇ ਆਉਣ ਦਾ ਯੂਸੁਫ਼ ਕੋਲ ਐਲਾਨ (ਮੱਤੀ 1:18–25)।
- ਙ. ਯਿਸੂ ਦਾ ਜਨਮ (ਲੂਕਾ 2:1–7)।
- ਚ. ਅਯਾਲੀਆਂ ਕੋਲ ਯਿਸੂ ਦੇ ਯਿਸੂ ਦਾ ਐਲਾਨ (ਲੂਕਾ 2:8–20)।
- ਛ. ਯਿਸੂ ਦੀ ਸੁੰਨਤ ਅਤੇ ਨਾਮਕਰਣ; ਹੈਕਲ ਵਿਚ ਸੇਵਾ (ਲੂਕਾ 2:21–39)।
- ਜ. ਪੂਰਬ ਤੋਂ ਆਏ ਅਯਾਲੀਆਂ (''ਪੰਡਤਾਂ'') ਦਾ ਯਿਸੂ ਦੇ ਦਰਸ਼ਨ ਲਈ ਆਉਣਾ (ਮੱਤੀ 2:1–12)।
- ਝ. ਮਿਸਰ ਵਿਚ ਆਉਣਾ ਅਤੇ ਬੈਤਲਹਮ ਵਿਚ ਬੱਚਿਆਂ ਦਾ ਕਤਲੇਆਮ (ਮੱਤੀ 2:13–18)।
- ਞ. ਬਾਲਕ ਯਿਸੂ ਨੂੰ ਮਿਸਰ ਤੋਂ ਨਾਸਰਤ ਵਿਚ ਲਿਆਂਦਾ ਜਾਣਾ (ਮੱਤੀ 2:19–23; ਵੇਖੋ ਲੂਕਾ 2:39)।
- ਟ. ਯਿਸੂ ਦਾ ਨਾਸਰਤ ਵਿਚ ਰਹਿਣਾ; ਬਾਰਾਂ ਸਾਲ ਦੀ ਉਮਰ ਵਿਚ ਯਰੂਸ਼ਲਮ ਵਿਚ ਜਾਣਾ (ਲੂਕਾ 2:40–52)।

II. ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸਵੇਕਾਈ ਦੀ ਸ਼ੁਰੂਆਤ।
- ੳ. ਯੂਹੰਨਾ ਦੀ ਸੇਵਕਾਈ (ਮੱਤੀ 3:1–6; ਮਰਕੁਸ 1:1–6; ਲੂਕਾ 3:1–6)।
- ਅ. ਯੂਹੰਨਾ ਦਾ ਸੰਦੇਸ਼ (ਮੱਤੀ 3:7–12; ਮਰਕੁਸ 1:7, 8; ਲੂਕਾ 3:7–18)।

III. ਯਿਸੂ ਦੀ ਸੇਵਕਾਈ ਦਾ ਆਰੰਭ।
- ੳ. ਯੂਹੰਨਾ ਹੱਥੋਂ ਯਰਦਨ ਵਿਚ ਯਿਸੂ ਦਾ ਬਪਤਿਸਮਾ (ਮੱਤੀ 3:13–17; ਮਰਕੁਸ 1:9–11; ਲੂਕਾ 3:21, 22; ਯੂਹੰਨਾ 1:31–34)।
- ਅ. ਉਜਾੜ ਵਿਚ ਯਿਸੂ ਦੀ ਅਜ਼ਮਾਇਸ਼ (ਮੱਤੀ 4:1–11; ਮਰਕੁਸ 1:12, 13; ਲੂਕਾ

4: 1–13)।

ੲ. ਯਿਸੂ ਲਈ ਯੂਹੰਨਾ ਦੀ ਗਵਾਹੀ (ਯੂਹੰਨਾ 1: 19–34)।

ਸ. ਯਿਸੂ ਦੇ ਆਰੰਭਿਕ ਚੇਲੇ (ਯਹੂਦੀਆ ਵਿਚ) (ਯੂਹੰਨਾ 1:35–51)।

ਹ. ਯਿਸੂ ਦਾ ਪਹਿਲਾ ਮੋਅਜਜ਼ਾ (ਕਾਨਾ ਗਲੀਲ ਵਿਚ) (ਯੂਹੰਨਾ 2: 1–11)।

ਕ. ਕਫ਼ਰਨਾਹੂਮ ਵਿਚ ਯਿਸੂ ਦਾ ਪਹਿਲਾ ਟਿਕਾਣਾ (ਗਲੀਲ ਵਿਚ) (ਯੂਹੰਨਾ 2: 12)।

IV. ਪਹਿਲੇ ਤੋਂ ਦੂਸਰੇ ਪਸਾਹ ਤਕ।

ੳ. ਯਿਸੂ ਦੀ ਸੇਵਕਾਈ ਦਾ ਪਹਿਲਾ ਪਸਹ।

1. ਹੈਕਲ ਨੂੰ ਸ਼ੁੱਧ ਕਰਨਾ (ਯੂਹੰਨਾ 2: 13–25)।
2. ਨਿਕੁਦੇਮੁਸ ਨੂੰ ਸਿਖਾਉਣਾ (ਯੂਹੰਨਾ 3: 1–21)।

ਅ. ਯਹੂਦੀਆ ਵਿਚ ਮੁੱਢਲੀ ਸੇਵਕਾਈ (ਅਤੇ ਯੂਹੰਨਾ ਵੱਲੋਂ ਹੋਰ ਗਵਾਹੀ) (ਯੂਹੰਨਾ 3:22–36)।